**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**
**ਵਣ ਕੰਪਲੈਕਸ, ਸੈਕਟਰ-68, ਐੱਸ.ਏ.ਐੱਸ. ਨਗਰ।**
https://sssb.punjab.gov.in

# ਜਨਤਕ ਨੋਟਿਸ

ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ. 10 ਆਫ 2023 ਰਾਹੀਂ ਪ੍ਰਕਾਸ਼ਿਤ ਜੂਨੀਅਰ ਇੰਜੀਨੀਅਰ (ਸਿਵਲ), ਜੂਨੀਅਰ ਇੰਜੀਨੀਅਰ (ਜਨ ਸਿਹਤ) ਅਤੇ ਜੂਨੀਅਰ ਇੰਜੀਨੀਅਰ (ਬਿਜਲੀ) ਗਰੁੱਪ-ਬੀ ਦੀਆਂ 257 ਆਸਾਮੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਇਨ੍ਹਾਂ ਆਸਾਮੀਆਂ ਦੀ ਭਰਤੀ ਪ੍ਰਕਿਰਿਆ ਸਬੰਧੀ ਲਿਖਤੀ ਪ੍ਰੀਖਿਆ ਮਿਤੀ 21.01.2024 ਨੂੰ ਲਈ ਜਾਣੀ ਹੈ।

2. ਜੂਨੀਅਰ ਇੰਜੀਨੀਅਰ (ਸਿਵਲ), ਜੂਨੀਅਰ ਇੰਜੀਨੀਅਰ (ਜਨ ਸਿਹਤ) ਅਤੇ ਜੂਨੀਅਰ ਇੰਜੀਨੀਅਰ (ਬਿਜਲੀ) ਦੀਆਂ ਆਸਾਮੀਆਂ ਲਈ ਅਪਲਾਈ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਆਖਰੀ ਮਿਤੀ 06/11/2023 ਤੱਕ ਬੋਰਡ ਦੀ ਵੈਬਸਾਈਟ https://sssb.punjab.gov.in ਤੇ ਆਨਲਾਈਨ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਸੀ। ਅਧੀਨ ਸੇਵਾਵਾਂ ਚੋਣ ਬੋਰਡ ਵਿਖੇ ਉਮੀਦਵਾਰਾਂ ਵੱਲੋਂ ਆਪਣੇ ਐਪਲੀਕੇਸ਼ਨ ਫਾਰਮ ਵਿੱਚ ਸੋਧ ਕਰਨ ਲਈ portal ਨੂੰ 18.12.2023 ਤੋਂ ਮਿਤੀ 21.12.2023 ਸ਼ਾਮ 05.00 ਵਜੇ ਤੱਕ open ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਉਮੀਦਵਾਰ ਦੇ ਆਨਲਾਈਨ ਐਪਲੀਕੇਸ਼ਨ ਫਾਰਮ ਵਿੱਚ ਫੋਟੋ ਜਾਂ ਹਸਤਾਖਰ missing ਹਨ ਅਤੇ ਜਾਂ ਕੋਈ ਉਮੀਦਵਾਰ ਆਪਣੇ ਨਾਮ, ਪਿਤਾ ਦਾ ਨਾਮ, ਲਿੰਗ ਜਾਂ ਕੈਟਾਗਰੀ ਵਿੱਚ ਸੋਧ ਕਰਨੀ ਚਾਹੁੰਦਾ ਹੈ ਤਾਂ ਉਹ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਮਿਤੀ 18.12.2023 ਤੋਂ ਮਿਤੀ 21.12.2023 ਸ਼ਾਮ 05.00 ਵਜੇ ਤੱਕ ਸੋਧ ਕਰ ਸਕਦਾ ਹੈ।

3. ਜੇਕਰ ਕਿਸੇ ਉਮੀਦਵਾਰ ਦੇ ਕੈਟਾਗਰੀ ਵਿੱਚ ਸੋਧ ਕਰਨ ਤੇ ਪ੍ਰੀਖਿਆ ਫੀਸ ਦੀ ਰਕਮ ਵਿੱਚ ਵਾਧਾ ਹੁੰਦਾ ਹੈ ਤਾਂ ਉਹ ਉਮੀਦਵਾਰ ਇਸ ਫੀਸ ਦੇ ਅੰਤਰ ਦੀ ਰਕਮ ਨੂੰ ਡਿਮਾਂਡ ਡ੍ਰਾਫਟ in favour of the 'Secretary, Subordinate Services Selection Board, Punjab' payable at Mohali ਰਾਹੀਂ ਅਦਾ ਕਰਨਗੇ। ਇਸ ਡਿਮਾਂਡ ਡ੍ਰਾਫਟ ਨੂੰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ ਵਿਖੇ ਡਾਕ ਰਾਹੀਂ ਮਿਤੀ 29.12.2023 ਤੋਂ ਪਹਿਲਾਂ ਭੇਜਿਆ ਜਾਵੇ। ਇਸ ਡਿਮਾਂਡ ਡ੍ਰਾਫਟ ਨੂੰ ਹੇਠ ਦਿੱਤੇ ਪ੍ਰੋਫਾਰਮੇ (Annexure-A) ਨਾਲ ਨੱਥੀ ਕਰਕੇ ਭੇਜਿਆ ਜਾਵੇ।

4. ਜਿਹੜੇ ਉਮੀਦਵਾਰ ਆਪਣੇ ਐਪਲੀਕੇਸ਼ਨ ਫਾਰਮ ਵਿੱਚ ਸੋਧ ਕਰਨਗੇ ਉਨ੍ਹਾਂ ਦਾ ਸੋਧਿਆ ਹੋਇਆ ਫਾਰਮ (last submitted form between 18.12.2023 to 21.12.2023) ਹੀ ਅੰਤਿਮ ਮੰਨਿਆ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਸੋਧ ਨੂੰ ਧਿਆਨਪੂਰਵਕ ਕੀਤਾ ਜਾਵੇ।

ਸਹੀ/-
ਸਕੱਤਰ

ਐਸ.ਏ.ਐਸ. ਨਗਰ ਮਿਤੀ : 18.12.2023 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## Annexure-A (only in case of correction in category)

**Subordinate Services Selection Board, Punjab**
**Forest Complex, Sector-68, S.A.S. Nagar.**

Detail of Candidate :-

1. Application/Online Registration Number :- ___________________________
2. Name of Post :- ___________________________
3. Name :- ___________________________
4. Father’s name :- ___________________________
5. Date of Birth:- ___________________________
6. Demand Draft No.:- ___________________________
7. Demand Draft Amount:- ___________________________
8. Address:- ___________________________
___________________________
___________________________

(Signature)